Diwali-20.qxd 10/19/2025 7:00 PM Page 2



# ਦੀਵਾਲੀ ਦੇ ਦੀਵਿਆਂ ਦੀ ਰੌਸ਼ਨੀ ਸਰਹੱਦੋਂ ਪਾਰ ਵੀ




ਪਾਕਿਸਤਾਨ ਦੇ ਸ਼ਹਿਰਾਂ 'ਚ ਮਨਾਈ ਜਾਂਦੀ ਦੀਵਾਲੀ ਦੇ ਦ੍ਰਿਸ਼।



**ਸੁਰਿੰਦਰ ਕੋਛੜ**

ਧਾਰਮਿਕ ਅਤੇ ਸਮਾਜਿਕ ਮਹੱਤਵ ਰੱਖਣ ਵਾਲਾ ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਹਿੰਦੂਆਂ, ਸਿੱਖਾਂ, ਜੈਨੀਆਂ, ਨਿਪਾਲੀਆਂ, ਬੋਧੀਆਂ ਆਦਿ ਵਲੋਂ ਹਰ ਸਾਲ ਭਾਰੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਮੁਗਲ ਸਮਰਾਟਾਂ ਦਾ ਵੀ ਪਸੰਦੀਦਾ ਤਿਉਹਾਰ ਰਿਹਾ ਹੈ। ਚੰਗੀ ਖ਼ਬਰ ਇਹ ਹੈ ਕਿ ਇਹ ਪਵਿੱਤਰ ਤਿਉਹਾਰ ਹਾਲ ਹੀ ਦੇ ਸਾਲਾਂ 'ਚ ਸਰਹੱਦ ਪਾਰ ਕੱਟੜ ਇਸਲਾਮ-ਪੰਥੀ ਮੰਨੇ ਜਾਂਦੇ ਦੇਸ਼ ਪਾਕਿਸਤਾਨ 'ਚ ਵੀ ਦਸਤਕ ਦੇ ਚੁੱਕਿਆ ਹੈ। ਇਸਲਾਮਾਬਾਦ, ਕਰਾਚੀ, ਰਾਵਲਪਿੰਡੀ, ਲਾਹੌਰ ਅਤੇ ਕੁਝ ਹੋਰ ਪਾਕਿਸਤਾਨੀ ਸ਼ਹਿਰਾਂ 'ਚ ਇਸ ਤਿਉਹਾਰ ਨੂੰ ਸਰਕਾਰੀ ਪੱਧਰ 'ਤੇ ਵੀ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਾਲ ਸੂਬਾ ਸਿੰਧ 'ਚ 20 ਅਕਤੂਬਰ ਨੂੰ ਦੀਵਾਲੀ ਮੌਕੇ ਬਾਕਾਇਦਾ ਸਰਕਾਰੀ ਛੁੱਟੀ ਐਲਾਨੀ ਗਈ ਹੈ ਅਤੇ ਤਿਉਹਾਰ ਦੇ ਮੱਦੇਨਜ਼ਰ ਰਾਜ ਦੇ ਸਾਰੇ ਹਿੰਦੂ ਕਰਮਚਾਰੀਆਂ ਨੂੰ ਨਵੰਬਰ ਮਹੀਨੇ ਦੀ ਪੇਸ਼ਗੀ ਤਨਖ਼ਾਹ ਦੇਣੀ ਵੀ ਮਨਜ਼ੂਰ ਕੀਤੀ ਗਈ ਹੈ। ਪਾਕਿਸਤਾਨ ਦੇ ਕੁਝ ਸਰਕਾਰੀ ਅਤੇ ਗ਼ੈਰਸਰਕਾਰੀ ਅਦਾਰਿਆਂ 'ਚ ਦੀਵਾਲੀ ਦੇ ਮੌਕੇ 'ਤੇ ਦੇਸ਼-ਵਿਦੇਸ਼ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਬਾਕਾਇਦਾ ਲਾਹੌਰ ਦੇ ਰੇਸ ਕੋਰਸ ਪਾਰਕ, ਇਸਲਾਮਾਬਾਦ ਸਕੱਤਰੇਤ ਅਤੇ ਹੋਰ ਸਰਕਾਰੀ ਅਦਾਰਿਆਂ 'ਚ ਰੌਸ਼ਨੀ ਕਰਕੇ ਮੁਸਲਿਮ ਮੁੰਡੇ ਅਤੇ ਕੁੜੀਆਂ ਨੂੰ ਰਾਮ, ਸੀਤਾ ਅਤੇ ਲਕਸ਼ਮਣ ਦੇ ਰੂਪ 'ਚ ਮੀਡੀਆ ਦੇ ਰੂ-ਬਰੂ ਕਰਕੇ ਪਾਕਿਸਤਾਨ ਦੇ ਧਰਮ ਨਿਰਪੱਖ ਦੇਸ਼ ਹੋਣ ਦਾ ਸੰਦੇਸ਼ ਦਿੱਤਾ ਜਾਂਦਾ ਹੈ।

ਪਾਕਿਸਤਾਨ 'ਚ ਦੀਵਾਲੀ 'ਤੇ ਸਭ ਤੋਂ ਜ਼ਿਆਦਾ ਰੌਣਕ ਕਰਾਚੀ ਦੇ ਹਿੰਦੂਵਾੜਾ ਖੇਤਰ, ਪੰਚਮੁਖੀ ਹਨੂਮਾਨ ਮੰਦਰ ਅਤੇ ਲਕਸ਼ਮੀ ਨਾਰਾਇਣ ਮੰਦਰ 'ਚ ਰਹਿੰਦੀ ਹੈ। ਪੁਰਾਣੀ ਐੱਮ. ਏ. ਜਿਨਾਹ ਰੋਡ 'ਤੇ ਸਥਿਤ ਲਕਸ਼ਮੀ ਨਾਰਾਇਣ ਮੰਦਰ 'ਚ ਤਾਂ ਦੀਵਾਲੀ ਤੋਂ ਲਗਭਗ 10 ਦਿਨ ਪਹਿਲਾਂ ਗਰਬਾ ਨਾਚ ਦੇ ਨਾਲ-ਨਾਲ ਮੰਦਰ ਦੀ ਸਜਾਵਟ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਗਰਬਾ ਨਾਚਾਂ 'ਚ ਹਿੱਸਾ ਲੈਣ ਲਈ ਭਾਗੀਦਾਰਾਂ ਨੂੰ ਸੱਦਾ ਦੇਣ ਲਈ ਕਰਾਚੀ ਦੇ ਸਥਾਨਕ ਅਖ਼ਬਾਰਾਂ 'ਚ ਇਸ਼ਤਿਹਾਰ ਵੀ ਦਿੱਤੇ ਜਾਂਦੇ ਹਨ, ਜਿਸ ਦੇ ਚੱਲਦਿਆਂ ਦੀਵਾਲੀ 'ਤੇ ਮੰਦਰ 'ਚ ਉੱਥੋਂ ਦੇ ਹਿੰਦੂਆਂ ਦੀ ਚੰਗੀ ਰੌਣਕ ਰਹਿੰਦੀ ਹੈ। ਇਸ ਦੀਵਾਲੀ 'ਤੇ ਪੰਚਮੁਖੀ ਹਨੂਮਾਨ ਮੰਦਰ ਅਤੇ ਕਲੀਫ਼ਟਨ 'ਚ ਗੁਫਾ ਮੰਦਰ 'ਚ ਕਰਾਚੀ ਦੇ ਸਥਾਨਕ ਹਿੰਦੂਆਂ ਦੇ ਨਾਲ-ਨਾਲ ਸਿੱਖ, ਮੁਸਲਮਾਨ, ਜੈਨ, ਬੋਧੀ ਅਤੇ ਪਾਰਸੀ ਵੱਡੀ ਗਿਣਤੀ 'ਚ ਪਹੁੰਚਦੇ ਹਨ। ਹਰ ਸਾਲ ਵਾਂਗ ਇਸ ਵਾਰ ਵੀ ਦੀਵਾਲੀ 'ਤੇ ਕਰਾਚੀ 'ਚ ਹਿੰਦੂ ਸੰਗਠਨ ਸੈਂਕੜੇ ਗ਼ਰੀਬ ਅਤੇ ਲੋੜਵੰਦ ਕੁੜੀਆਂ ਲਈ ਸਮੂਹਿਕ ਵਿਆਹਾਂ ਦਾ ਆਯੋਜਨ ਕਰਨਗੇ। ਦੀਵਾਲੀ 'ਤੇ ਕਰਾਚੀ ਦੇ ਉਕਤ ਮੰਦਰਾਂ ਅਤੇ ਕੁਝ ਸਥਾਨਕ ਹਿੰਦੂ ਆਬਾਦੀ ਵਾਲੇ ਖੇਤਰਾਂ 'ਚ ਰੌਸ਼ਨੀ ਦੇ ਨਾਲ-ਨਾਲ ਆਤਿਸ਼ਬਾਜ਼ੀ ਵੀ ਚਲਾਈ ਜਾਵੇਗੀ।

ਲਗਭਗ 40 ਲੱਖ ਦੀ ਹਿੰਦੂ ਆਬਾਦੀ ਵਾਲੇ ਸੂਬਾ ਸਿੰਧ 'ਚ ਦੀਵਾਲੀ 'ਤੇ ਭਾਰਤੀਆਂ ਵਰਗਾ ਉਤਸ਼ਾਹ ਅਤੇ ਜੋਸ਼ ਤਾਂ ਭਾਵੇਂ ਵੇਖਣ ਨੂੰ ਨਹੀਂ ਮਿਲਦਾ, ਪਰ ਸਿੰਧ ਦੇ ਸਾਧੂ ਬੇਲਾ ਮੰਦਰ ਸਮੇਤ ਸੂਬੇ ਦੇ ਹੋਰ ਪ੍ਰਾਚੀਨ ਮੰਦਰਾਂ 'ਚ ਦੀਵਾਲੀ ਮੌਕੇ ਭਾਰੀ ਰੌਣਕ ਰਹਿੰਦੀ ਹੈ ਅਤੇ ਖ਼ੂਬ ਆਤਿਸ਼ਬਾਜ਼ੀ ਵੀ ਚਲਾਈ ਜਾਂਦੀ ਹੈ। ਸਿੰਧ ਦੇ ਹੈਦਰਾਬਾਦ ਸ਼ਹਿਰ ਦੇ ਕੋਠੜੀ ਖੇਤਰ 'ਚ ਗੁੱਜਰ ਭਾਈਚਾਰੇ ਦੀਆਂ ਪੂਰਾ ਸਾਲ ਪਰਦੇ ਅਤੇ ਬੁਰਕੇ 'ਚ 'ਨਜ਼ਰਬੰਦ' ਰਹਿਣ ਵਾਲੀਆਂ ਹਿੰਦੂ ਔਰਤਾਂ ਨੂੰ ਸਿਰਫ਼ ਦੀਵਾਲੀ 'ਤੇ ਹੀ ਨਵ-ਵਿਆਹੀਆਂ ਦੁਲਹਨਾਂ ਵਾਂਗ ਆਪਣੇ ਆਪ ਨੂੰ ਸਜਾਉਣ ਦੀ ਆਗਿਆ ਹੁੰਦੀ ਹੈ। ਇਸ ਲਈ ਉਹ ਦੀਵਾਲੀ ਤੋਂ ਇਕ ਜਾਂ ਦੋ ਦਿਨ ਪਹਿਲਾਂ ਆਪਣੇ ਹੱਥਾਂ ਅਤੇ ਪੈਰਾਂ 'ਤੇ ਮਹਿੰਦੀ ਲਗਾਉਣਾ ਅਤੇ ਗਹਿਣਿਆਂ ਨਾਲ ਆਪਣੇ ਆਪ ਨੂੰ ਸਜਾਉਣਾ ਸ਼ੁਰੂ ਕਰ ਦਿੰਦੀਆਂ ਹਨ। ਦੀਵਾਲੀ ਅਤੇ ਅਗਲੀ ਰਾਤ ਨੂੰ ਗੁੱਜਰ ਭਾਈਚਾਰੇ ਦੇ ਮਰਦਾਂ ਅਤੇ ਔਰਤਾਂ ਦੁਆਰਾ ਕੀਤੇ ਜਾਣ ਵਾਲੇ ਉਨ੍ਹਾਂ ਦੇ ਰਵਾਇਤੀ ਨਾਚਾਂ ਨੂੰ ਵੇਖਣ ਲਈ ਪਾਕਿਸਤਾਨੀ ਅਤੇ ਦੂਰ-ਦੁਰਾਡੇ ਤੋਂ ਸੈਲਾਨੀ ਪਹੁੰਚਦੇ ਹਨ।


ਖ਼ੈਬਰ ਪਖਤੂਨਖਵਾ ਸੂਬੇ ਦੇ ਪਿਸ਼ਾਵਰ ਸ਼ਹਿਰ ਦੀ ਗੋਰਖਟੜੀ ਤਹਿਸੀਲ 'ਚ ਸਥਿਤ 160 ਸਾਲ ਪੁਰਾਣੇ ਮੰਦਰ 'ਚ ਕੁਝ ਵਰ੍ਹੇ ਪਹਿਲਾਂ ਹੀ ਉੱਥੋਂ ਦੇ ਸਥਾਨਕ ਹਿੰਦੂਆਂ ਨੂੰ ਪੂਜਾ-ਪਾਠ ਕਰਨ ਅਤੇ ਦੀਵਾਲੀ ਮਨਾਉਣ ਦੀ ਇਜਾਜ਼ਤ ਮਿਲੀ ਹੈ। ਪਿਛਲੇ 64 ਸਾਲਾਂ ਤੋਂ ਬੰਦ ਇਸ ਮੰਦਰ ਨੂੰ ਪਿਸ਼ਾਵਰ ਹਾਈ ਕੋਰਟ ਦੇ ਹੁਕਮਾਂ 'ਤੇ ਸਾਲ 2011 'ਚ ਦੁਬਾਰਾ ਖੋਲ੍ਹਿਆ ਗਿਆ ਸੀ। ਇਸ ਮੰਦਰ 'ਚ ਹਿੰਦੂ ਦੀਵਾਲੀ 'ਤੇ ਪੂਜਾ-ਪਾਠ ਤਾਂ ਜ਼ਰੂਰ ਕਰਨ ਲਈ ਪਹੁੰਚਣਗੇ, ਪਰ ਉਨ੍ਹਾਂ ਨੂੰ ਉੱਥੇ ਵਧੇਰੇ ਸਜਾਵਟ ਕਰਨ ਜਾਂ ਆਤਿਸ਼ਬਾਜ਼ੀ ਦੀ ਇਜਾਜ਼ਤ ਨਹੀਂ ਹੋਵੇਗੀ।

ਦੁਨੀਆ ਦੇ ਚੋਟੀ ਦੇ 10 ਸਭ ਤੋਂ ਪੁਰਾਣੇ ਸ਼ਹਿਰਾਂ 'ਚ ਸੂਚੀਬੱਧ ਲਹਿੰਦੇ ਪੰਜਾਬ ਦੇ ਮੁਲਤਾਨ ਸ਼ਹਿਰ 'ਚ ਪ੍ਰਹਿਲਾਦਪੁਰੀ ਮੰਦਰ 'ਚ ਮਨਾਈ ਜਾਣ ਵਾਲੀ ਦੀਵਾਲੀ ਦਾ ਵਿਸ਼ੇਸ਼ ਮਹੱਤਵ ਹੈ। ਇਹ ਉਹੀ ਸਥਾਨ ਮੰਨਿਆ ਜਾਂਦਾ ਹੈ, ਜਿਸ ਦੇ ਬਾਰੇ 'ਚ ਮੰਨਿਆ ਜਾਂਦਾ ਹੈ ਕਿ ਇਥੇ ਨਰਸਿਮ੍ਹਾ (ਮਨੁੱਖ ਅਤੇ ਸ਼ੇਰ ਦਾ ਸੁਮੇਲ) ਦੇ ਰੂਪ 'ਚ ਹਰਨਾਕਸ਼ ਦਾ ਅੰਤ ਕੀਤਾ ਗਿਆ ਸੀ। ਹਿੰਦੂਆਂ ਅਤੇ ਇਸ ਪ੍ਰਾਚੀਨ ਮੰਦਰ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਦੀਵਾਲੀ ਤੋਂ 10 ਦਿਨ ਪਹਿਲਾਂ ਸਖ਼ਤ ਸੁਰੱਖਿਆ ਪ੍ਰਬੰਧ ਕਰ ਦਿੱਤੇ ਗਏ ਹਨ ਅਤੇ ਮੰਦਰ ਦੇ ਅੰਦਰ ਅਤੇ ਬਾਹਰ ਹਿੰਦੂ ਸ਼ਰਧਾਲੂਆਂ ਨੂੰ ਸਿਰਫ਼ ਛੋਟੇ ਦੀਵੇ ਜਗਾਉਣ ਅਤੇ ਮੋਮਬਤੀਆਂ ਜਗਾਉਣ ਦੀ ਇਜਾਜ਼ਤ ਹੋਵੇਗੀ ਜਦਕਿ ਉਨ੍ਹਾਂ ਨੂੰ ਮੰਦਰ 'ਚ ਜਾਂ ਆਪਣੇ ਘਰਾਂ 'ਚ ਆਤਿਸ਼ਬਾਜ਼ੀ ਕਰਨ ਦੀ ਇਜਾਜ਼ਤ ਬਿਲਕੁਲ ਨਹੀਂ ਹੋਵੇਗੀ।

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਜੁੜਵਾਂ ਸ਼ਹਿਰ ਰਾਵਲਪਿੰਡੀ 'ਚ ਕੁਝ ਸਾਲ ਪਹਿਲਾਂ ਤੱਕ 4 ਜਾਂ 5 ਮੰਦਰਾਂ 'ਚ ਦੀਵਾਲੀ ਮਨਾਈ ਜਾਂਦੀ ਸੀ, ਪਰੰਤੂ ਹੁਣ ਜ਼ਿਆਦਾਤਰ ਮੰਦਰ ਬੰਦ ਕਰ ਦਿੱਤੇ ਜਾਣ ਕਰਕੇ ਇਸ ਵਾਰ ਸਿਰਫ਼ ਮਹਾਂਰਿਸ਼ੀ ਵਾਲਮੀਕ ਸਵਾਮੀ ਮੰਦਰ ਅਤੇ ਕ੍ਰਿਸ਼ਨਾ ਮੰਦਰ 'ਚ ਹੀ ਦੀਵਾਲੀ ਮਨਾਈ ਜਾਵੇਗੀ। ਇਨ੍ਹਾਂ ਮੰਦਰਾਂ ਦੇ ਪੁਜਾਰੀਆਂ ਦਾ ਕਹਿਣਾ ਹੈ ਕਿ ਹਰ ਸਾਲ ਗੁਰੂ ਨਾਨਕ ਦੇਵ ਜੀ, ਮਹਾਂਰਿਸ਼ੀ ਵਾਲਮੀਕ ਅਤੇ ਦੇਵੀ ਲਕਸ਼ਮੀ ਦੀ ਪੂਜਾ ਦੇ ਨਾਲ-ਨਾਲ ਸਥਾਨਕ ਹਿੰਦੂ ਕੁੜੀਆਂ ਦੁਆਰਾ ਮੰਦਰ ਦੇ ਵਿਹੜੇ 'ਚ ਸੁੰਦਰ ਰੰਗੋਲੀ ਵੀ ਬਣਾਈ ਜਾਂਦੀ ਹੈ ਜਿਸ ਦੀਆਂ ਰੰਗੀਨ ਤਸਵੀਰਾਂ ਦੀਵਾਲੀ ਤੋਂ ਅਗਲੇ ਦਿਨ ਪ੍ਰਮੁੱਖ ਪਾਕਿਸਤਾਨੀ ਅਖ਼ਬਾਰਾਂ ਦੇ ਪਹਿਲੇ ਪੰਨਿਆਂ ਦਾ ਸ਼ਿੰਗਾਰ ਬਣਦੀਆਂ ਹਨ।

ਲਾਹੌਰ 'ਚ ਪਿਛਲੇ ਕੁਝ ਸਾਲਾਂ ਤੋਂ ਰਾਵੀ ਰੋਡ 'ਤੇ ਕ੍ਰਿਸ਼ਨਾ ਮੰਦਰ ਅਤੇ ਪੁਰਾਣੇ ਅਨਾਰਕਲੀ ਇਲਾਕੇ 'ਚ ਨੀਲਾ ਗੁੰਬਦ ਵਿਖੇ ਸਥਿਤ ਵਾਲਮੀਕ ਮੰਦਰ ਦੇ ਅੰਦਰ ਦੀਵਾਲੀ ਮਨਾਈ ਜਾ ਰਹੀ ਹੈ। ਕ੍ਰਿਸ਼ਨਾ ਮੰਦਰ 'ਚ ਦੀਵਾਲੀ ਦੇ ਜਸ਼ਨ ਭਜਨਾਂ ਅਤੇ ਆਰਤੀ ਨਾਲ ਸ਼ੁਰੂ ਹੋਣਗੇ ਅਤੇ ਹਿੰਦੀ ਫ਼ਿਲਮੀ ਗੀਤਾਂ 'ਤੇ ਗਰਬਾ ਨਾਚ ਨਾਲ ਸਮਾਪਤ ਹੋਣਗੇ। ਪਾਕਿਸਤਾਨ ਮੁਸਲਿਮ ਲੀਗ, ਈ. ਟੀ. ਪੀ. ਬੀ. (ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ) ਅਤੇ ਉੱਥੋਂ ਦੇ ਸਥਾਨਕ ਈਸਾਈ ਅਤੇ ਸਿੱਖ ਆਗੂ ਵੀ ਸਮਾਰੋਹ 'ਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ। ਇਸ ਮੌਕੇ 'ਤੇ ਈ. ਟੀ. ਪੀ. ਬੀ. ਵਲੋਂ ਲੰਗਰ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ। ਪਾਕਿਸਤਾਨ 'ਚ ਦੀਵਾਲੀ, ਵਿਸਾਖੀ ਅਤੇ ਹੋਲੀ ਵਰਗੇ ਤਿਉਹਾਰਾਂ ਦਾ ਮੁੜ ਸ਼ੁਰੂ ਹੋਣਾ ਖ਼ੁਸ਼ੀ ਦੀ ਖ਼ਬਰ ਹੈ ਅਤੇ ਜੋ ਭਵਿੱਖ 'ਚ ਜ਼ਰੂਰ ਪਾਕਿਸਤਾਨ ਦੀ ਇਸਲਾਮੀ ਕੱਟੜਪੰਥੀ ਵਜੋਂ ਬਣ ਚੁਕੀ ਦਿੱਖ ਨੂੰ ਨਵਾਂ ਰੂਪ ਦੇਣ 'ਚ ਮਹੱਤਵਪੂਰਨ ਸਾਬਤ ਹੋ ਸਕਦਾ ਹੈ।

*-ਪੱਤਰਕਾਰ, ਅਜੀਤ ਉਪ-ਦਫ਼ਤਰ, ਅੰਮ੍ਰਿਤਸਰ*
*ਫ਼ੋਨ: 9356127771*



# ਭਾਈ ਮਨੀ ਸਿੰਘ ਦੀ ਸ਼ਹਾਦਤ




**ਡਾ. ਰੂਪ ਸਿੰਘ**

ਨਾਦਰ ਸ਼ਾਹ ਤੇ ਜ਼ਕਰੀਆ ਖਾਨ ਦੇ ਘੋਰ ਯੁੱਧਾਂ, ਭਾਜੜਾਂ ਤੇ ਹਮਲਿਆਂ ਵੇਲੇ ਵੀ ਸਿੱਖ ਵੱਧ ਤੋਂ ਵੱਧ ਗਿਣਤੀ ਵਿਚ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਇਕੱਠੇ ਹੁੰਦੇ। ਇਥੇ ਹੀ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ, ਪ੍ਰਬੰਧਕੀ ਮਸਲੇ ਨਜਿੱਠੇ ਜਾਂਦੇ ਤੇ ਪੰਥਕ ਫ਼ੈਸਲੇ ਲਏ ਜਾਂਦੇ। ਦੀਵਾਲੀ ਦਾ ਦਿਨ ਸਾਨੂੰ ਭਾਈ ਮਨੀ ਸਿੰਘ ਦੀ ਮਹਾਨ ਸ਼ਹਾਦਤ ਦੀ ਵੀ ਯਾਦ ਦਿਵਾਉਂਦਾ ਹੈ। ਭਾਈ ਮਨੀ ਸਿੰਘ ਨੇ ਦੀਵਾਲੀ ਦੇ ਮੌਕੇ ਸਿੱਖਾਂ ਦਾ ਇਕੱਠ ਸੱਦਣ ਲਈ ਸਮੇਂ ਦੀ ਸਰਕਾਰ ਦੀ ਰਜ਼ਾਮੰਦੀ ਪ੍ਰਾਪਤ ਕਰ ਲਈ ਪਰ ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਜ਼ਕਰੀਆ ਖਾਨ ਦੀਵਾਲੀ ਦੇ ਮੌਕੇ ਇਕੱਠੇ ਹੋਏ ਸਿੱਖਾਂ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਇਹ ਇਕੱਠ ਮੁਲਤਵੀ ਕਰ ਦਿੱਤਾ। ਇਸ ਕਰਕੇ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦੀਵਾਲੀ ਵਾਲੇ ਦਿਨ ਨਹੀਂ ਹੋਈ ਪਰ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿੱਥੇ ਦੀਵਾਲੀ ਦੇ ਸਮੇਂ ਬੰਦੀ-ਛੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਦੀ ਸ਼ਹਾਦਤ ਨੂੰ ਵੀ ਯਾਦ ਕਰ ਆਪਣਾ ਸਤਿਕਾਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ ਸਮੇਂ ਕੀਤੀ ਗਈ ਦੀਪਮਾਲਾ ਦੀਵਾਲੀ ਦੇ ਦਿਨ ਗੁਰਸਿੱਖਾਂ ਦੀ ਇਕੱਤਰਤਾ ਬੁਲਾਉਣ ਕਰਕੇ ਇਹ ਦਿਨ ਸਿੱਖਾਂ ਲਈ ਇਕ ਯਾਦਗਾਰੀ ਦਿਨ ਬਣ ਗਿਆ ਤੇ ਹਰ ਸਾਲ ਦੀਵਾਲੀ ਦੇ ਸਮੇਂ ਖ਼ਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ ਸਰਬੱਤ ਖ਼ਾਲਸਾ ਤੇ ਹੋਏ ਫ਼ੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ। ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਮੁਕੰਮਲ ਰੂਪ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿਚ ਤੇਲ ਨਹੀਂ ਬਲ ਰਿਹਾ, ਬਲਕਿ ਕੌਮਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

*-ਮੋਬਾਈਲ : 098146-37979 Email : roopsz@yahoo.com*



# ਆਓ, ਦੀਵਾਲੀ ਦਾ ਅਸਲ ਭਾਵ ਜਾਣੀਏ



**ਗੁਰਦੇਵ ਸ੍ਰੀ ਸ੍ਰੀ ਰਵੀਸ਼ੰਕਰ**

ਦੀਵਾਲੀ ਤਿਉਹਾਰ ਦਾ ਮਤਲਬ ਕੀ ਹੈ? ਅਸੀਂ ਪਟਾਕੇ ਕਿਉਂ ਚਲਾਉਂਦੇ ਹਾਂ, ਮਠਿਆਈਆਂ ਕਿਉਂ ਬਣਾਉਂਦੇ ਹਾਂ ਅਤੇ ਦੀਵੇ ਕਿਉਂ ਬਾਲਦੇ ਹਾਂ? ਕਿੰਨੇ ਲੋਕ ਅਸਲ ਵਿਚ ਜਾਣਦੇ ਹਨ ਅਤੇ ਕਿੰਨੇ ਹੀ ਰਿਵਾਜ ਨਿਭਾਉਂਦੇ ਹਨ?

ਅਸੀਂ ਅਕਸਰ ਨਹੀਂ ਜਾਣਦੇ। ਸਾਰਾ ਸਾਲ ਅਸੀਂ ਲੋਕਾਂ ਨੂੰ ਮਿਲਦੇ ਹਾਂ, ਗੱਲਾਂ ਕਰਦੇ ਹਾਂ ਅਤੇ ਕਿਤੇ ਨਾ ਕਿਤੇ ਮਨ ਵੀ ਭਾਰੀ ਹੁੰਦਾ ਹੈ। ਮਤਭੇਦ, ਦੁੱਖ ਅਤੇ ਗੁੱਸਾ ਮਨ ਵਿਚ ਜਮ੍ਹਾਂ ਹੋ ਜਾਂਦਾ ਹੈ। ਅਸੀਂ ਸਮਝਦੇ ਨਹੀਂ ਹਾਂ ਅਤੇ ਇਹੀ ਮਨ ਦਾ ਦਬਾਓ ਜਦੋਂ ਪਟਾਕੇ ਦੇ ਰੂਪ ਵਿਚ ਬਾਹਰੋਂ ਵਿਸਫੋਟ ਹੋ ਜਾਂਦਾ ਹੈ, ਤਾਂ ਮਨ ਕੁਝ ਹੱਦ ਤੱਕ ਹੌਲਾ ਮਹਿਸੂਸ ਕਰਦਾ ਹੈ, ਇਸ ਲਈ ਅਸੀਂ ਪਟਾਕੇ ਚਲਾਉਂਦੇ ਹਾਂ। ਇਹ ਇਕ ਕਿਸਮ ਦਾ ਮਨ ਨੂੰ ਹਲਕਾ ਅਤੇ ਖ਼ੁਸ਼ ਕਰਨ ਦਾ ਤਰੀਕਾ ਹੈ।

ਦੀਵੇ ਜਗਾਉਣਾ ਕੇਵਲ ਰੌਸ਼ਨੀ ਦਾ ਪ੍ਰਤੀਕ ਨਹੀਂ ਹੈ, ਅਸਲ ਵਿਚ ਇਹ ਗਿਆਨ ਅਤੇ ਸੱਚਾਈ ਵੱਲ ਕਦਮ ਵਧਾਉਣ ਦਾ ਸੰਕੇਤ ਹੈ। ਗਿਆਨ ਦਾ ਦੀਪ ਜਗਾਓ ਅਤੇ ਅੰਦਰੋਂ ਅਗਿਆਨ ਦਾ ਅੰਧਕਾਰ ਦੂਰ ਕਰੋ। ਇਸੇ ਤਰ੍ਹਾਂ ਜ਼ੁਬਾਨ ਤੋਂ ਮਿਠਾਸ ਵੰਡੋ। ਸਾਡੀ ਬਾਣੀ ਅਤੇ ਵਿਹਾਰ ਮਿੱਠੇ ਹੋਣ ਅਤੇ ਇਸ ਦੁਨੀਆ ਤੋਂ ਜਦੋਂ ਜਾਓ ਤਾਂ ਇਸ ਨੂੰ ਹੋਰ ਮਧੁਰ ਬਣਾ ਛੱਡ ਕੇ ਜਾਓ।

ਅਗਲੀਆਂ ਪੀੜ੍ਹੀਆਂ ਲਈ ਸਾਨੂੰ ਹਿੰਸਾ, ਦਵੈਸ਼ ਅਤੇ ਵੈਰ ਤੋਂ ਰਹਿਤ ਸਮਾਜ ਛੱਡਣਾ ਚਾਹੀਦਾ ਹੈ। ਇਹ ਸਮਾਜ ਸਾਡੇ ਬੱਚਿਆਂ ਲਈ ਸਭ ਤੋਂ ਵੱਡੀ ਭੇਟ ਹੈ। ਹੀਰੇ, ਜਵਾਹਰਾਤ, ਚਾਂਦੀ ਜਾਂ ਸੋਨਾ ਵੱਡੀ ਗੱਲ ਨਹੀਂ, ਸੁਰੱਖਿਅਤ ਅਤੇ ਸਿਹਤਮੰਦ ਸਮਾਜ ਦੇਣਾ ਹੀ ਅਸਲ ਉਪਹਾਰ ਹੈ।

ਇਸ ਤਰ੍ਹਾਂ ਦਾ ਸਮਾਜ ਉਦੋਂ ਹੀ ਬਣ ਸਕਦਾ ਹੈ, ਜਦੋਂ ਅਸੀਂ ਸਭ ਸਰਗਰਮ ਹੋਈਏ। ਸਾਨੂੰ ਸਿੱਖਿਅਤ, ਸੁੰਦਰ ਅਤੇ ਸਿਹਤਮੰਦ ਸਮਾਜ ਦੀ ਦਿਸ਼ਾ ਵਿਚ ਲਗਾਤਾਰ ਕੋਸ਼ਿਸ਼ ਕਰਦੇ ਰਹਿਣਾ ਹੋਵੇਗਾ। ਇਸ ਕਲਪਨਾ ਦੇ ਨਾਲ ਜੀਵਨ ਵਿਚ ਕਦਮ ਵਧਾਓ ਅਤੇ ਤੁਸੀਂ ਦੇਖੋਗੇ ਕਿ ਸਭ ਕੁਝ ਤੁਹਾਡਾ ਸਹੀ ਦਿਸ਼ਾ ਵਿਚ ਹੋਣ ਲਗਦਾ ਹੈ।

ਗੀਤਾ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ, 'ਜੇਕਰ ਤੁਸੀਂ ਕੋਈ ਕਾਰਜ ਕਰਨ ਲਈ ਜਾਗਰੂਕ ਹੋਵੋ ਤਾਂ ਤੁਹਾਡੇ ਸੰਕਲਪ ਨਾਲ ਹੀ ਉਹ ਕੰਮ ਹੋਣ ਲਗਦਾ ਹੈ। ਜੋ ਵਿਚਾਰ ਅਸੀਂ ਆਪਣੇ ਚੇਤਨ ਮਨ ਵਿਚ ਬੀਜਦੇ ਹਾਂ, ਸਮਾਂ ਆਉਣ 'ਤੇ ਇਕ ਵਿਸ਼ਾਲ ਰੁੱਖ ਬਣ ਜਾਂਦਾ ਹੈ। ਸੋ, ਬੀਜ ਹੀ ਇਹੋ ਜਿਹੇ ਬੀਜੋ, ਜਿਸ ਨਾਲ ਖ਼ੁਸ਼ਹਾਲੀ ਆਵੇ ਤੇ ਖ਼ੁਸ਼ਹਾਲੀ ਲਈ ਸਾਨੂੰ ਇਹ ਸਭ ਕਰਨਾ ਹੀ ਪਵੇਗਾ।

ਬਹੁਤ ਵੱਡੇ-ਵੱਡੇ ਰੁੱਖ ਹੁੰਦੇ ਹਨ, ਪਰ ਉਨ੍ਹਾਂ ਦਾ ਬੀਜ ਬਹੁਤ ਛੋਟਾ ਸੀ। ਇਸੇ ਤਰ੍ਹਾਂ ਹੀ ਵਿਚਾਰਾਂ ਨਾਲ ਹੁੰਦਾ ਹੈ। ਜੋ ਅਸੀਂ ਸੋਚਦੇ ਹਾਂ ਉਹ ਇਕ ਦਿਨ ਬਹੁਤ ਵੱਡੇ ਰੁੱਖ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਇਹ ਹੀ ਜੀਵਨ ਦੀ ਸਾਧਨਾ ਦਾ ਰਹੱਸ ਹੈ। ਸਭ ਦੀ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਸਿਹਤ ਵਧੀਆ ਹੋਵੇ ਇਹ ਪ੍ਰਾਰਥਨਾ।

ਪੂਜਾ ਨਾਲ ਜੇਕਰ ਮਨ ਸਾਫ਼ ਹੁੰਦਾ ਹੈ ਤਾਂ ਚੰਗਿਆਈ ਦਾ ਨਿਵਾਸ ਹੁੰਦਾ ਹੈ। ਜੇਕਰ ਮਨ ਅਸ਼ੁੱਧੀਆਂ ਨਾਲ ਭਰਪੂਰ ਹੋਵੇਗਾ, ਤਾਂ ਚੰਗਿਆਈ ਉਥੇ ਨਹੀਂ ਆਏਗੀ। ਇਸ ਲਈ ਸਾਨੂੰ ਮਨ ਨੂੰ ਸਾਫ਼ ਰੱਖਣਾ ਚਾਹੀਦਾ ਹੈ।

ਮਨ ਨੂੰ ਸਾਫ਼ ਕਰਨ ਦਾ ਸਭ ਤੋਂ ਆਸਾਨ ਤਰੀਕਾ ਹੈ-ਗਿਆਨ, ਗਾਨ ਅਤੇ ਧਿਆਨ। ਗਿਆਨ ਤੋਂ ਮਨ ਨੂੰ ਸਮਝਾਓ, ਗਾਨ ਨਾਲ ਭਾਵਨਾਵਾਂ ਨੂੰ ਜੋੜੋ ਅਤੇ ਧਿਆਨ ਨਾਲ ਮਨ ਨੂੰ ਕਾਬੂ ਕਰੋ। ਇਹ ਹੀ ਦੀਵਾਲੀ ਦਾ ਮੂਲ ਸੰਦੇਸ਼ ਹੈ-ਅੰਦਰ ਦੇ ਪ੍ਰਕਾਸ਼ ਨੂੰ ਫੈਲਾਓ ਅਤੇ ਮਿਠਾਸ ਵੰਡੋ।

ਪਟਾਕੇ ਅਤੇ ਦੀਵਿਆਂ ਦਾ ਤਿਉਹਾਰ ਕੇਵਲ ਰਿਵਾਜ ਨਹੀਂ, ਅਸਲ ਵਿਚ ਮਨ ਨੂੰ ਨਾਕਾਰਾਤਮਿਕਤਾ ਤੋਂ ਮੁਕਤ ਕਰਨ, ਗਿਆਨ ਨੂੰ ਜਗਾਉਣ ਅਤੇ ਸਮਾਜ ਵਿਚ ਮਿਠਾਸ ਫੈਲਾਉਣ ਦਾ ਮੌਕਾ ਹੈ। ਸੋ, ਦੀਪ ਜਲਾਓ ਆਪਣੇ ਘਰ ਵਿਚ ਚੰਗਾ ਮਾਹੌਲ ਬਣਾਓ। ਜੋ ਘਰ ਵਿਚ ਮੌਜੂਦ ਹਨ ਉਨ੍ਹਾਂ ਨਾਲ ਵੀ ਨੱਚਣਾ ਸ਼ੁਰੂ ਕਰੋ। ਧਿਆਨ ਕਰਨਾ ਨਾ ਭੁੱਲੋ। ਤਿਉਹਾਰ ਮਨਾਉਣ ਤੋਂ ਪਹਿਲਾਂ ਤਿਉਹਾਰ ਦੇ ਦੌਰਾਨ ਅਤੇ ਤਿਉਹਾਰ ਤੋਂ ਬਾਅਦ ਸਭ ਤਿਉਹਾਰ ਮਨਾ ਕੇ ਪਹਿਲਾਂ, ਮਨੋ ਧਿਆਨ ਜ਼ਰੂਰ ਕਰੋ। ਤਾਂ ਹੀ ਅਸੀਂ ਅਸਲ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਸਲੀ ਦੀਵਾਲੀ ਦਾ ਤੋਹਫ਼ਾ ਦੇ ਸਕਦੇ ਹਾਂ।


## ਝੁੱਗੀਆਂ ਤੇ...

**• ਹਰੀ ਕ੍ਰਿਸ਼ਨ ਮਾਇਰ •**



ਝੁੱਗੀਆਂ ਤੇ ਢਾਰਿਆਂ ਵਾਲਿਓ
ਛੰਨਾ ਚੁਬਾਰਿਆਂ ਵਾਲਿਓ
ਭਰ ਭਰ ਮੁਹੱਬਤ ਚੂੰਗੜੇ
ਅੱਜ ਰਾਤੀਂ ਬਾਲਿਓ
ਉੱਚੇ ਜੋ ਦਿੱਸਣ ਚਬੂਤਰੇ
ਇੱਥੇ ਲੋਕ ਦੀਂਹਦੇ ਸਿਰਫਿਰੇ
ਬਾਰੂਦ ਨੂੰ ਅੱਗ ਲਾਉਣਗੇ
ਅੰਬਰੀਂ ਧਮਾਕੇ ਪਾਉਣਗੇ
ਤੁਸੀਂ ਆਪਣਾ ਘਰ ਸੰਭਾਲਿਓ
ਲੋਕੋ ਓ ਭੋਲੇ ਭਾਲਿਓ
ਓਏ ਜਨੌਰੋ ਓਏ ਰਾਣਿਓ
ਸਮੇਂ ਦੀ ਨਬਜ਼ ਪਛਾਣਿਓਂ
ਬੋਟਾਂ ਦੇ ਕੋਲ ਬੈਠੇ ਰਹੋ
ਖੰਭਾਂ ਨੂੰ ਫੁਰਸਤ ਦਿਓ
ਉਡਿਓ ਨਾ ਖੰਭਾਂ ਵਾਲਿਓ
ਮੋਹਵੰਤਿਓ, ਮੋਹ ਵਾਲਿਓ
ਜਦ ਪੌਣ ਰੋਂਦੀ ਸੁਣੂੰਗੀ
ਸਾਹਾਂ 'ਚੋਂ ਜ਼ਹਿਰਾਂ ਪੁਣੂੰਗੀ
ਸੋਚਿਓ ਤੇ ਕੁਝ ਵਿਚਾਰਿਓ
ਕੁਝ ਅਕਲ ਨੂੰ ਹੱਥ ਮਾਰਿਓ
ਸਾਹਾਂ ਨਾਲ ਖੇਡਣ ਵਾਲਿਓ
ਨਾ ਹਾਰ ਪੱਲੇ ਪਾਲਿਓ
ਇਹ ਜਸ਼ਨ ਕਿਸ ਵਿਚਾਰ ਦਾ
ਕੁਦਰਤ ਨੂੰ ਜੋ ਲਲਕਾਰਦਾ
ਇਹ ਪੋਟਾਸ਼ ਆਤਿਸ਼ਬਾਜ਼ੀਆਂ
ਸਾਹ ਖਾਂਦੇ ਉਲਟਬਾਜ਼ੀਆਂ
ਖ਼ੁਸ਼ੀਆਂ ਮਨਾਵਣ ਵਾਲਿਓ
ਮਨ ਨਾਲ ਦੀਵੇ ਬਾਲਿਓ

*-ਮੋਬਾਈਲ : 097806-67686*



## ਦੀਵਾਲੀ ਦੀ ਰਾਤ ਸੁਹਾਣੀ

**• ਬਲਵਿੰਦਰ ਬਾਲਮ ਗੁਰਦਾਸਪੁਰ •**



ਦੀਵਾਲੀ ਦੀ ਰਾਤ ਸੁਹਾਣੀ।
ਹਰਿਮੰਦਿਰ ਵਿਚ ਅੰਮ੍ਰਿਤ ਬਾਣੀ।
ਕਰਮਾਂ ਵਾਲੇ ਕਹਿਣ ਓ ਬਾਬਾ।
ਦੀਵੇ ਜਗਦੇ ਰਹਿਣ ਓ ਬਾਬਾ।

ਹਰਿਗੋਬਿੰਦ ਜੀ ਵਾਪਸ ਆਏ।
ਬਵੰਜਾ ਰਾਜੇ ਨਾਲ ਲਿਆਏ।
ਅੰਬਰੋਂ ਤਾਰੇ ਲਹਿਣ ਓ ਬਾਬਾ
ਦੀਵੇ ਜਗਦੇ ਰਹਿਣ ਓ ਬਾਬਾ।

ਭਰਤ, ਖੜਾਵਾਂ-ਤਖ਼ਤ ਸਜਾ ਕੇ।
ਰਾਮ-ਲਕਛਮਣ ਬੈਠੇ ਆ ਕੇ।
ਮੋਹ ਦੇ ਦਰਿਆ ਵਹਿਣ ਓ ਬਾਬਾ।
ਦੀਵੇ ਜਗਦੇ ਰਹਿਣ ਓ ਬਾਬਾ।

ਖ਼ੁਸ਼ਬੂ ਇਕ ਹੈ ਸਭ ਧਰਮਾਂ ਦੀ।
ਭਾਰਤ ਮਾਂ ਦੇ ਸ਼ੁੱਭ ਕਰਮਾਂ ਦੀ।
ਫੁੱਲਾਂ ਲੱਦੀ ਟਹਿਣ ਓ ਬਾਬਾ।
ਦੀਵੇ ਜਗਦੇ ਰਹਿਣ ਓ ਬਾਬਾ।

ਘਰ-ਘਰ ਦੇ ਵਿਚ ਤੋਟ ਨਾ ਆਵੇ।
ਰਿਸ਼ਤਿਆਂ ਦੇ ਵਿਚ ਖੋਟ ਨਾ ਆਵੇ।
ਰਲ-ਮਿਲ ਸਾਰੇ ਬਹਿਣ ਓ ਬਾਬਾ।
ਦੀਵੇ ਜਗਦੇ ਰਹਿਣ ਓ ਬਾਬਾ।

ਚਮਨ 'ਚੋਂ ਕੋਈ ਫੁੱਲ ਨਾ ਟੁੱਟੇ।
ਨੇਗ੍ਰੀ ਝੱਖੜ ਚਾਅ ਨਾ ਲੁੱਟੇ।
ਉੱਡਦੀਆਂ ਤਿੱਤਲੀਆਂ ਬਹਿਣ ਓ ਬਾਬਾ।
ਦੀਵੇ ਜਗਦੇ ਰਹਿਣ ਓ ਬਾਬਾ।

'ਬਾਲਮ' ਮੇਰਾ ਭਾਰਤ ਮੰਦਿਰ।
ਅਰਚਨ ਪੂਜਾ ਇਸਦੇ ਅੰਦਰ।
ਰੱਬ ਦੀਆਂ ਮਿਹਰਾਂ ਕਹਿਣ ਓ ਬਾਬਾ।
ਦੀਵੇ ਜਗਦੇ ਰਹਿਣ ਓ ਬਾਬਾ।

*-ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)*
*ਮੋਬਾਈਲ : 98156-25409*

## ਦੀਵਾਲੀ : ਅੰਦਰ ਵੀ ਕੋਈ ਦੀਪ ਜਗਾ

**• ਪ੍ਰੋ. ਜਸਵੰਤ ਸਿੰਘ ਗੰਡਮ •**



ਬਾਹਰ ਤਾਂ ਜਗਮਗ ਬਹੁਤ ਹੈ,
ਪਰ ਅੰਦਰ ਘੁੱਪ-ਹਨੇਰ।

ਘਰ ਵੀ ਸਾਫ਼ ਹੈ ਕਰ ਲਿਆ,
ਪਰ ਅੰਦਰ ਕੂੜਾ ਢੇਰ।

ਕੰਧਾਂ ਲਿਸ਼ਕਣ ਪੇਂਟ ਨਾਲ,
ਮਨ-ਮਸਤਕ ਵਿਚ ਅੰਧੇਰ।

ਅੰਦਰ ਵੀ ਕੋਈ ਦੀਪ ਜਗਾ,
ਹੋਊ ਚਾਨਣ ਚਾਰ-ਚੁਫੇਰ।

*-ਫਗਵਾੜਾ।*
*ਮੋਬਾਈਲ : 98766-55055*



## ਮਿੱਟੀ ਦਿਆ ਦੀਵਿਆ...

**• ਤ੍ਰੈਲੋਚਨ ਲੋਚੀ •**



ਆ ਰੁਸ਼ਨਾਈਏ ਰਾਤ...ਮਿੱਟੀ ਦਿਆ ਦੀਵਿਆ।
ਉਸ ਪਿਛੋਂ ਪ੍ਰਭਾਤ...ਮਿੱਟੀ ਦਿਆ ਦੀਵਿਆ।
ਆ ਰੁਸ਼ਨਾਈਏ ਰਾਤ...

ਤੂੰ ਹੈਂ ਤਾਅ ਆਵੇ ਦਾ ਝੱਲਿਆ।
ਮੈਂ ਵੀ ਹਾਂ ਪੀੜਾਂ ਦਾ ਸੱਲ੍ਹਿਆ।
ਸਾਵਾਂ ਹੈ ਸਾਡਾ ਅਨੁਪਾਤ...ਮਿੱਟੀ ਦੇ ਦੀਵਿਆ।

ਤੇਰੀ ਮੇਰੀ ਇਕ ਕਹਾਣੀ।
ਅਣਖੀ ਜੀਣਾ ਜਾਂ ਕੁਰਬਾਨੀ।
ਸੂਲੀ ਮਿਲੂ ਸੌਗਾਤ...ਮਿੱਟੀ ਦੇ ਦੀਵਿਆ।

ਤੂੰ ਵੀ ਚਾਨਣ ਖ਼ਾਤਿਰ ਸੜਿਆ।
ਮੈਂ ਵੀ ਸੱਚ ਦੀ ਖ਼ਾਤਿਰ ਲੜਿਆ।
ਹੈ ਇਹੀ ਰੱਬੀ ਦਾਤ...ਮਿੱਟੀ ਦੇ ਦੀਵਿਆ।

ਨਾ ਸਹੀ ਮੀਰਾਂ ਜਿਹੀ ਭਗਤੀ।
ਨਾ ਸਹੀ ਮਹਾਂਦੇਵ ਜਿਹੀ ਸ਼ਕਤੀ।
ਆ ਬਣੀਏ ਸੁਕਰਾਤ...ਮਿੱਟੀ ਦੇ ਦੀਵਿਆ।

ਨ੍ਹੇਰਾ ਹੈ ਡਾਢਾ ਜਰਵਾਣਾ।
ਚਾਹੁੰਦਾ ਹੈ ਚਾਨਣ ਨੂੰ ਖਾਣਾ।
ਬੈਠਾ ਹੈ ਲਾਈ ਘਾਤ...ਮਿੱਟੀ ਦਿਆ ਦੀਵਿਆ।

ਆ ਦੋਵੇਂ 'ਕੱਠੇ ਹੋ ਜਾਈਏ।
'ਲੋਚੀ' ਨੂੰ ਵੀ ਨਾਲ ਰਲਾਈਏ।
ਨ੍ਹੇਰ ਨੂੰ ਦਈਏ ਮਾਤ..ਮਿੱਟੀ ਦਿਆ ਦੀਵਿਆ,
ਕੀ ਇਸ ਦੀ ਔਕਾਤ...ਮਿੱਟੀ ਦਿਆ ਦੀਵਿਆ।

*20 ਸੈਕਿੰਡ ਫਲੋਰ, ਐਚ.ਆਈ.ਜੀ., ਰਾਜਗੁਰੂ ਨਗਰ, ਲੁਧਿਆਣਾ। ਮੋਬਾਈਲ : 98142-53315*

# ਖ਼ਰੀਦਦਾਰੀ ਸਮੇਂ ਰਹੋ ਸਾਵਧਾਨ

**ਪ੍ਰਮੋਦ ਧੀਰ**



ਭਾਰਤ ਤਿਉਹਾਰਾਂ ਦਾ ਦੇਸ਼ ਹੈ, ਇੱਥੇ ਸਾਲ ਭਰ ਕੋਈ ਨਾ ਕੋਈ ਤਿਉਹਾਰ ਆਉਂਦਾ ਹੀ ਰਹਿੰਦਾ ਹੈ। ਅੱਜ ਕੱਲ੍ਹ ਭਾਰਤ ਦੇ ਸਭ ਤੋਂ ਵੱਡੇ ਤਿਉਹਾਰ ਦੀਵਾਲੀ ਦੇ ਦਿਨ ਚੱਲ ਰਹੇ ਹਨ ਅਤੇ ਲੋਕਾਂ ਨੇ ਖਰੀਦਦਾਰੀਆਂ ਸ਼ੁਰੂ ਕਰ ਦਿੱਤੀਆਂ ਹਨ। ਅੱਜ ਦੇ ਸਮੇਂ ਵਿਚ ਕਿਸੇ ਵੀ ਚੀਜ਼ ਦੇ ਸ਼ੁੱਧ ਜਾਂ ਅਸਲੀ ਹੋਣ ਦੀ ਕੋਈ ਗਰੰਟੀ ਨਹੀਂ ਹੁੰਦੀ, ਹਰ ਇਕ ਚੀਜ਼ ਵਿਚ ਮਿਲਾਵਟ ਆਉਣੀ ਸ਼ੁਰੂ ਹੋ ਗਈ ਹੈ। ਇਕ ਆਮ ਇਨਸਾਨ ਲਈ ਇਨ੍ਹਾਂ ਉਤਪਾਦਾਂ ਵਿਚੋ ਅਸਲੀ ਜਾਂ ਨਕਲੀ ਦਾ ਅੰਤਰ ਸਮਝਣਾ ਬੜਾ ਹੀ ਔਖਾ ਕੰਮ ਹੈ। ਹਜ਼ਾਰਾਂ ਹੀ ਉਤਪਾਦ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਰੋਜ਼ਾਨਾ ਜੀਵਨ ਵਿਚ ਵਰਤਦੇ ਹਾਂ। ਬਾਜ਼ਾਰ ਵਿਚ ਵਧੇਰੇ ਮਾਤਰਾ ਵਿਚ ਨਕਲੀ ਚੀਜ਼ਾਂ ਦੀ ਵਿੱਕਰੀ ਹੋ ਰਹੀ ਹੈ ਅਤੇ ਸਾਡੇ ਵਲੋਂ ਖ਼ਰੀਦੀ ਹੋਈ ਕੋਈ ਵੀ ਚੀਜ਼ ਨਕਲੀ ਹੋ ਸਕਦੀ ਹੈ। ਖਾਣ-ਪੀਣ ਵਾਲੀਆਂ ਵਸਤੂਆਂ ਦੇ ਅਸ਼ੁੱਧ ਹੋਣ ਦੀ ਹਾਲਤ ਵਿਚ ਸਾਡੀ ਸਿਹਤ ਨੂੰ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ। ਇਸ ਨਾਲ ਅਨੇਕਾਂ ਬਿਮਾਰੀਆਂ ਜਨਮ ਲੈਂਦੀਆਂ ਹਨ। ਤਿਉਹਾਰ ਦੇ ਨੇੜੇ ਖਾਣ-ਪੀਣ ਦੀਆਂ ਵਸਤਾਂ ਤੇ ਹੋਰ ਸਮਾਨ ਨਕਲੀ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਲਈ ਸਾਨੂੰ ਇਹਨਾਂ ਦਿਨਾਂ ਵਿਚ ਬਹੁਤ ਧਿਆਨ ਨਾਲ ਖਰੀਦਦਾਰੀ ਕਰਨੀ ਚਾਹੀਦੀ ਹੈ।

ਖਾਣ-ਪੀਣ ਵਾਲੀਆਂ ਵਸਤੂਆਂ ਵਿਚ ਮਨੁੱਖ ਦੀ ਸਿਹਤ ਲਈ ਘਾਤਕ ਪਦਾਰਥਾਂ ਦੀ ਵਰਤੋਂ ਹੁੰਦੀ ਹੈ। ਲੋੜ ਤੋਂ ਵੱਧ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਸਾਡੀ ਧਰਤੀ, ਹਵਾ ਤੇ ਪਾਣੀ ਬਹੁਤ ਹੀ ਜ਼ਿਆਦਾ ਪ੍ਰਦੂਸ਼ਿਤ ਹੋ ਰਹੇ ਹਨ। ਇੱਥੋਂ ਤੱਕ ਕਿ ਫਲਾਂ, ਸਬਜ਼ੀਆਂ ਨੂੰ ਪਕਾਉਣ ਲਈ ਵੀ ਜਾਨਲੇਵਾ ਰਸਾਇਣਾਂ ਦੀ ਵਰਤੋਂ ਕੀਤੀ ਜਾਦੀ ਹੈ। ਖਾਣ ਵਾਲੀਆਂ ਸਬਜ਼ੀਆਂ ਤੇ ਫ਼ਲਾ ਨੂੰ ਟੀਕੇ ਲਾ ਕੇ ਪਕਾਇਆ ਜਾਂਦਾ ਹੈ। ਇਨ੍ਹਾਂ ਦੀ ਬਾਹਰੀ ਦਿੱਖ ਬਦਲਣ ਲਈ ਕੈਮੀਕਲ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਦੀਆਂ ਵੀਡੀਉ ਅਸੀਂ ਅਨੇਕਾਂ ਵਾਰ ਸ਼ੋਸ਼ਲ ਮੀਡੀਆ 'ਤੇ ਵੀ ਦੇਖ ਚੁੱਕੇ ਹਾਂ। ਅੱਜ-ਕੱਲ੍ਹ ਭਾਰਤ ਵਿਚ ਨਕਲੀ ਦੁੱਧ ਦੀ ਬਹੁਤ ਵਿੱਕਰੀ ਹੋ ਰਹੀ ਹੈ। ਨਕਲੀ ਦੁੱਧ ਕਾਰਨ ਕਈ ਤਰ੍ਹਾਂ ਦੇ ਰੋਗ ਹੋ ਰਹੇ ਹਨ। ਅੱਜਕਲ੍ਹ ਦੁੱਧ ਪੈਕਟਾਂ 'ਚ ਮਿਲਦਾ ਹੈ। ਪੈਕਟਾਂ ਉੱਪਰ ਕਈ ਤਰ੍ਹਾਂ ਦੇ ਕੈਮੀਕਲ ਲੱਗੇ ਹੁੰਦੇ ਹਨ, ਜਿਸ ਕਾਰਨ ਦੁੱਧ ਕਈ ਦਿਨਾਂ ਤੱਕ ਖ਼ਰਾਬ ਨਹੀ ਹੁੰਦਾ। ਅੱਜ-ਕੱਲ੍ਹ ਨਕਲੀ ਦੁੱਧ ਦੇ ਨਾਲ ਕਈ ਤਰ੍ਹਾਂ ਦੀਆਂ ਚੀਜ਼ਾਂ ਬਣ ਰਹੀਆਂ ਹਨ ਜਿਵੇਂ:-ਖੋਆ, ਪਨੀਰ, ਬਰਫੀ, ਘਿਓ ਆਦਿ। ਕਈ ਦੁਕਾਨਦਾਰ ਕਾਫੀ ਦਿਨਾਂ ਤੋਂ ਬਣੀ ਅਤੇ ਨਕਲੀ ਖੋਏ ਆਦਿ ਦੀ ਮਠਿਆਈ ਵੇਚ ਦਿੰਦੇ ਹਨ।

ਜ਼ਿਆਦਾ ਗੂੜ੍ਹੇ ਰੰਗ ਦੀਆਂ ਮਠਿਆਈਆਂ ਵਿਚ ਮਿਲਾਵਟ ਦੀ ਸੰਭਾਵਨਾ ਵਧ ਜਾਂਦੀ ਹੈ। ਉਸ ਦੁਕਾਨ ਤੋਂ ਮਠਿਆਈਆਂ ਖਰੀਦਣੀਆਂ ਚਾਹੀਦੀਆਂ ਹਨ ਜੋ ਦੁਕਾਨ ਸਾਫ-ਸੁਥਰੀ ਹੋਵੇ, ਤੁਹਾਨੂੰ ਵਿਸ਼ਵਾਸ ਹੋਵੇ ਕਿ ਇਹ ਦੁਕਾਨਦਾਰ ਸ਼ੁੱਧ ਮਿਠਾਈ ਬਣਾ ਕੇ ਵੇਚਦਾ ਹੈ ਤੇ ਜਿੱਥੇ ਆਸੇ-ਪਾਸੇ ਗੰਦਗੀ ਨਾ ਹੋਵੇ।

ਇਸ ਮਿਲਾਵਟਖੋਰੀ ਨੂੰ ਰੋਕਣ ਦਾ ਕੋਈ ਸਾਰਥਕ ਹੱਲ ਕਿਉਂ ਨਹੀਂ ਲੱਭ ਰਿਹਾ ਹੈ? ਸਾਨੂੰ ਇਸ ਸੰਬੰਧੀ ਚੌਕਸ ਹੋਣ ਦੀ ਲੋੜ ਹੈ। ਇਸ ਧੰਦੇ ਦੇ ਖ਼ਾਤਮੇ ਲਈ ਲੋਕਾਂ ਦੀ ਜਾਗਰੂਕਤਾ ਦੇ ਨਾਲ ਨਾਲ ਸਰਕਾਰ ਨੂੰ ਵੀ ਕੁਝ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ ਤੇ ਦੋਸ਼ੀਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਕਿ ਲੋਕਾਂ ਦੀ ਜ਼ਿੰਦਗੀ ਨਾਲ ਹੁੰਦਾ ਖਿਲਵਾੜ ਰੁਕ ਸਕੇ ਅਤੇ ਅਸੀਂ ਇਹਨਾਂ ਪਵਿੱਤਰ ਤਿਉਹਾਰਾਂ ਦਾ ਖੁੱਲ੍ਹ ਕੇ ਆਨੰਦ ਮਾਣ ਸਕੀਏ।

*-ਕੰਪਿਊਟਰ ਅਧਿਆਪਕ, ਸਰਕਾਰੀ ਹਾਈ ਸਕੂਲ ਢੈਪਈ (ਫਰੀਦਕੋਟ)*
*ਫੋਨ: 98550-31081*

## ਬੰਦੀ ਛੋੜ ਦਿਵਸ...

(ਸਫ਼ਾ I ਦੀ ਬਾਕੀ)

ਝੁਕਾਇਆ ਅਤੇ ਇੰਝ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਕਤ ਕਰਵਾ ਕੇ ਲੋਕਾਈ ਨੂੰ ਇਕ ਨਵੀਂ ਰੋਸ਼ਨੀ ਦਿੱਤੀ। ਗੁਰੂ ਸਾਹਿਬ ਦੇ ਇਸ ਕਦਮ ਨਾਲ ਮਨੁੱਖਤਾ ਅੰਦਰ ਆਜ਼ਾਦੀ ਦੀ ਲੋਅ ਇਕ ਵਾਰ ਫਿਰ ਰੋਸ਼ਨ ਹੋ ਗਈ।

ਬੰਦੀ ਛੋੜ ਦਿਹਾੜੇ ਨਾਲ ਸਿੱਖ ਇਤਿਹਾਸ ਦਾ ਇਕ ਹੋਰ ਪੰਨਾ ਜੁੜਦਾ ਹੈ। ਸਿੱਖ ਕੌਮ 'ਤੇ ਇਕ ਸਮਾਂ ਅਜਿਹਾ ਆਇਆ ਜਦ ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਮਨਸੂਬੇ ਬਣਾਏ। ਸਿੱਖ ਜੰਗਲਾਂ ਵਿਚ ਰਹਿ ਕੇ ਗੁਜ਼ਾਰਾ ਕਰਨ ਲੱਗੇ। ਇਸੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਦਾ ਇਕੱਠ ਕਰਨ ਦੀ ਹਕੂਮਤ ਪਾਸੋਂ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਹਕੂਮਤ ਦੀ ਮਨਸ਼ਾ ਇਕੱਠੇ ਹੋਏ ਸਿੱਖਾਂ ਨੂੰ ਖ਼ਤਮ ਕਰਨ ਦੀ ਸੀ। ਭਾਈ ਮਨੀ ਸਿੰਘ ਨੂੰ ਪਤਾ ਲੱਗਣ 'ਤੇ ਉਨ੍ਹਾਂ ਸੰਗਤਾਂ ਨੂੰ ਅੰਮ੍ਰਿਤਸਰ ਆਉਣੋ ਰੋਕ ਦਿੱਤਾ। ਸਰਕਾਰ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਧਰੇ-ਧਰਾਏ ਰਹਿ ਗਏ। ਇਸ 'ਤੇ ਲੋਹੀ ਲਾਖੀ ਹੋਈ ਸਰਕਾਰ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਇਆ। ਭਾਈ ਮਨੀ ਸਿੰਘ ਨੂੰ ਟੈਕਸ ਨਾ ਤਾਰਨ ਬਦਲੇ ਇਸਲਾਮ ਜਾਂ ਮੌਤ ਕਬੂਲਣ ਦਾ ਫੁਰਮਾਨ ਜਾਰੀ ਕਰ ਦਿੱਤਾ। ਇਸ 'ਤੇ ਭਾਈ ਮਨੀ ਸਿੰਘ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਨੂੰ ਪ੍ਰਵਾਨ ਕੀਤਾ। ਮੁਗ਼ਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਬੰਦੀ ਛੋੜ ਦਿਹਾੜੇ ਦਾ ਇਤਿਹਾਸ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਕੌਮ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾਂ ਹੀ ਸਮਾਜਿਕ ਕੁਰੀਤੀਆਂ ਦੇ ਨਾਲ-ਨਾਲ ਜਬਰ-ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਚੁਣੌਤੀਆਂ ਅਤੇ ਸੰਘਰਸ਼ ਦੇ ਦੌਰ ਵਿਚ ਸਿੱਖਾਂ ਨੇ ਕਦੇ ਵੀ ਹਿੰਮਤ ਨਹੀਂ ਹਾਰੀ।

18ਵੀਂ ਸਦੀ ਦੇ ਮੁਸ਼ਕਿਲ ਦੌਰ ਵਿਚ ਵੀ ਸਿੱਖ ਪੰਥ ਬੰਦੀ ਛੋੜ ਦਿਵਸ ਮੌਕੇ ਸ੍ਰੀ ਅੰਮ੍ਰਿਤਸਰ ਵਿਚ ਇਕੱਠਾ ਹੋ ਕੇ ਕੌਮੀ ਲੇਖਾ-ਜੋਖਾ ਕਰਿਆ ਕਰਦਾ ਸੀ। ਇਸ ਮੌਕੇ ਬੀਤੇ ਸਮੇਂ ਦੇ ਕਾਰਜਾਂ ਨੂੰ ਵਿਚਾਰ ਕੇ ਭਵਿੱਖਮੁਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਸਨ। ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਅੱਜ ਵੀ ਕੌਮ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ, ਅੱਜ ਵੀ ਸਮਾਜ ਅੰਦਰ ਕੁਰੀਤੀਆਂ ਦੀ ਭਰਮਾਰ ਦੇ ਨਾਲ-ਨਾਲ ਪੰਥ ਵਿਰੋਧੀ ਸ਼ਕਤੀਆਂ ਸਰਗਰਮ ਹਨ, ਜਿਨ੍ਹਾਂ ਸੰਬੰਧੀ ਵਿਚਾਰ ਕਰਨ ਲਈ ਪੰਥਕ ਇਕਜੁਟਤਾ ਲਾਜਮੀ ਹੈ। ਸਿੱਖਾਂ ਵਲੋਂ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਸਿੱਖ ਸੰਸਥਾਵਾਂ ਨੂੰ ਤੋੜਨ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨਾਂ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅੱਜ ਲੋੜ ਹੈ ਕਿ ਪੰਥ ਵਿਰੋਧੀ ਚਾਲਾਂ ਤੋਂ ਸੁਚੇਤ ਹੁੰਦੇ ਹੋਏ ਆਪਣੀਆਂ ਪੁਰਾਣੀਆਂ ਪਰੰਪਰਾਵਾਂ ਅਨੁਸਾਰ ਸਿੱਖ ਕੌਮ ਚੁਣੌਤੀਆਂ ਦੇ ਟਾਕਰੇ ਲਈ ਸਿਰਜੋੜ ਬੈਠੇ। ਬੰਦੀ ਛੋੜ ਦਿਵਸ ਦੀ ਸੰਗਤਾਂ ਨੂੰ ਵਧਾਈ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਸਿੱਖ ਕੌਮ ਇਸ ਇਤਿਹਾਸਕ ਦਿਹਾੜੇ 'ਤੇ ਆਪਣੇ ਇਤਿਹਾਸ ਤੋਂ ਵੀ ਸੇਧ ਲਵੇ। ਬੰਦੀ ਛੋੜ ਦਿਹਾੜੇ ਦਾ ਸੁਨੇਹਾ ਸਿਰਜੋੜ ਕੇ ਬੈਠਣ ਅਤੇ ਪੰਥਕ ਚੁਣੌਤੀਆਂ 'ਚੋਂ ਉਭਰਨ ਲਈ ਇਕਜੁੱਟ ਹੋਣ ਦਾ ਸੱਦਾ ਹੈ। ਇਸ ਮੌਕੇ 'ਤੇ ਆਪਣੇ ਘਰਾਂ ਨੂੰ ਰੁਸ਼ਨਾਉਣ ਦੇ ਨਾਲ-ਨਾਲ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਰੂਪੀ ਪ੍ਰਕਾਸ਼ ਰਾਹੀਂ ਆਪਣੇ ਹਿਰਦੇ ਨੂੰ ਵੀ ਰੁਸ਼ਨਾਉਣਾ ਹੈ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਹੀ ਤਤਪਰ ਰਹਿਣਾ ਹੈ।

*-ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

## ਦੀਵਾਲੀ...

(ਸਫ਼ਾ I ਦੀ ਬਾਕੀ)

ਪਾਇਆ ਜਾ ਰਿਹਾ ਹੈ। ਕਿਸੇ ਦੂਸਰੇ ਧਰਮ ਪ੍ਰਤੀ, ਕਿਸੇ ਦੂਸਰੇ ਵਿਚਾਰ, ਪ੍ਰਤੀ ਅਜਿਹੇ ਉਲਾਰਪਨ ਅਤੇ ਦਹਿਸ਼ਤ ਤੇ ਨਫ਼ਰਤ ਦਾ ਵਾਤਾਵਰਨ ਸਿਰਜ ਦਿੱਤਾ ਜਾਂਦਾ ਹੈ ਜਿਸ ਵਿਚ ਸਹਿਣਸ਼ੀਲਤਾ, ਉਦਾਰਤਾ ਤੇ ਭਾਈਚਾਰਕ ਸੰਵੇਦਨਾ ਕਿਤੇ ਵੀ ਨਜ਼ਰ ਨਹੀਂ ਆਉਂਦੀ।

ਬਿਨਾਂ ਸ਼ੱਕ ਵਿੱਦਿਆ ਦਾ ਬਹੁਤ ਪਸਾਰ ਹੋਇਆ ਹੈ, ਪਰ ਸਿਖਿਆ ਨਾਲ ਮਨੁੱਖ ਦਾ ਤੀਜਾ ਨੇਤਰ ਨਹੀਂ ਖੁੱਲ੍ਹਿਆ। ਅਜੋਕੇ ਸਮੇਂ ਵਿਚ ਵੀ ਗ਼ੈਰ-ਵਿਗਿਆਨਕਤਾ ਤੇ ਤਰਕਹੀਣ ਸੋਚ ਭਾਰੂ ਹੈ। ਸਮਾਜ ਦਾ ਵੱਡਾ ਹਿੱਸਾ ਅੱਜ ਵੀ ਵਹਿਮਾਂ-ਭਰਮਾਂ ਅਤੇ ਅਗਿਆਨਤਾ ਦੇ ਗੂੜ੍ਹੇ ਹਨੇਰਿਆਂ ਵਿਚ ਜਕੜਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿਚ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਬਾਬਿਆਂ, ਤਾਂਤਰਿਕਾਂ, ਸਵਾਮੀਆਂ ਤੇ ਅਜਿਹੇ ਹੋਰ ਦੰਭੀਆਂ ਦੇ ਵੱਡੇ ਵੱਡੇ ਆਲੀਸ਼ਾਨ ਮਹੱਲਾਂ ਵਰਗੇ ਡੇਰਿਆਂ ਦੀ ਉਸਾਰੀ ਬਹੁਤ ਵੱਡੇ ਪੱਧਰ 'ਤੇ ਹੋਈ ਹੈ। ਅਨਪੜ੍ਹ ਲੋਕ ਹੀ ਨਹੀਂ, ਸਗੋਂ ਪੜ੍ਹੇ-ਲਿਖੇ ਲੋਕ ਵੀ ਆਪਣੀਆਂ ਚਿੰਤਾਵਾਂ ਨੂੰ ਦੂਰ ਕਰਨ ਤੇ ਇਛਾਵਾਂ ਦੀ ਪੂਰਤੀ ਲਈ ਇਨ੍ਹਾਂ ਡੇਰਿਆਂ ਉੱਤੇ ਜਾ ਕੇ ਮੱਥੇ ਰਗੜਦੇ ਦੇਖੇ ਜਾ ਸਕਦੇ ਹਨ।

ਆਰਥਿਕ ਰੂਪ ਵਿਚ ਪਛੜੇ ਤੇ ਸਾਧਨਹੀਣ, ਦੇਸ਼ ਦੇ ਕਰੋੜਾਂ ਲੋਕਾਂ ਲਈ ਦੀਵਾਲੀ ਦੇ ਦੀਵਿਆਂ ਦੀ ਰੌਸ਼ਨੀ ਦਾ ਕੋਈ ਅਰਥ ਨਹੀਂ ਹੈ। ਸਚਾਈ ਇਹ ਹੈ ਕਿ ਉਹ ਹਨੇਰੇ ਵਿਚ ਹੀ ਜੰਮਦੇ ਹਨ ਤੇ ਸਾਰੀ ਉਮਰ ਹਨੇਰਾ ਢੋਂਦੇ ਹੀ ਇਸ ਜਹਾਨ ਤੋਂ ਕੂਚ ਕਰ ਜਾਂਦੇ ਹਨ। ਇਸ ਭਾਰਤ ਮਹਾਨ ਦੇ ਕਰੋੜਾਂ ਘਰਾਂ ਵਿਚ ਤਾਂ ਸ਼ਾਇਦ ਹਰ ਰੋਜ਼ ਇਕ ਨਿੱਕਾ ਜਿਹਾ ਦੀਵਾ ਵੀ ਨਾ ਬਲਦਾ ਹੋਵੇ, ਪਰ ਲੁੱਟ ਦੀ ਕਮਾਈ ਨਾਲ ਉੱਸਰੇ ਵੱਡੇ-ਵੱਡੇ ਮਹਿਲਾਂ ਵਿਚ ਨਿੱਤ ਹੀ ਦੀਵਾਲੀ ਜਿਹੀਆਂ ਰੌਸ਼ਨੀਆਂ ਦੀ ਚਕਾਚੌਂਧ ਦੇਖੀ ਜਾ ਸਕਦੀ ਹੈ। ਇਕ ਪਾਸੇ ਦੇਸ਼ ਦੇ ਅਮੀਰਾਂ ਦੀ ਦੌਲਤ ਛੜੱਪੇ ਮਾਰ ਕੇ ਵਧ ਰਹੀ ਹੈ, ਦੂਜੇ ਪਾਸੇ ਭੁੱਖਮਰੀ ਕਰੋੜਾਂ ਦੇਸ਼ਵਾਸੀਆਂ ਦੀ ਜਾਨ ਦਾ ਖੌਅ ਬਣੀ ਹੋਈ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਸਾਹ ਸਤਹੀਣ ਕਰ ਦਿੱਤਾ ਹੈ। ਜਦੋਂ ਭਵਿੱਖ ਧੁੰਦਲਾ ਹੋਵੇ, ਮਨਾਂ ਵਿਚ ਕੋਈ ਚਾਅ ਹੀ ਨਾ ਰਿਹਾ ਹੋਵੇ ਤਾਂ, ਕੀਹਨੂੰ ਭਾਉਂਦੇ ਹਨ ਅਜਿਹੇ ਤਿਉਹਾਰ।

ਇਸ ਵਾਰ ਤਾਂ ਪੰਜਾਬ ਦੇ ਬਹੁਤੇ ਲੋਕਾਂ ਲਈ ਦੀਵਾਲੀ ਦੇ ਜਲੌਅ ਬਹੁਤ ਫਿੱਕੇ ਹੋ ਗਏ ਹਨ। ਭਿਆਨਕ ਹੜ੍ਹਾਂ ਦੀ ਤ੍ਰਾਸਦੀ ਨੇ ਲੋਕਾਂ ਦੇ ਸਭ ਸੁਪਨੇ, ਰੀਝਾਂ ਤੇ ਉਮੰਗਾਂ ਮਿੱਟੀ ਵਿਚ ਮਿਲਾ ਦਿੱਤੀਆਂ ਹਨ। ਜਦੋਂ ਘਰਾਂ ਦੇ ਜੀਅ ਹੜ੍ਹਾਂ ਦੇ ਪਾਣੀਆਂ ਦੀ ਭੇਟ ਚੜ੍ਹ ਗਏ ਹੋਣ, ਘਰ ਮਲੀਆ-ਮੇਟ ਹੋ ਗਏ ਹੋਣ, ਫ਼ਸਲਾਂ ਬਰਬਾਦ ਹੋ ਗਈਆਂ ਹੋਣ ਤੇ ਭਵਿੱਖ ਦੀ ਚਿੰਤਾ ਵੱਢ-ਵੱਢ ਖਾਂਦੀ ਹੋਵੇ, ਉਦੋਂ ਤਿਉਹਾਰ ਮਨਾਉਣ ਬਾਰੇ ਕੋਈ ਸੋਚ ਵੀ ਨਹੀਂ ਸਕਦਾ। ਸਰਕਾਰਾਂ ਨੇ ਇਸ ਦੁੱਖ ਦੀ ਘੜੀ ਪੀੜਤਾਂ ਦੀ ਬਹੁਤੀ ਬਾਂਹ ਨਹੀਂ ਫੜੀ। ਇਹ ਤਸੱਲੀ ਵਾਲੀ ਗੱਲ ਹੈ ਕਿ ਪੰਜਾਬੀਆਂ ਨੇ ਹੜ੍ਹਾਂ ਦਾ ਸੰਤਾਪ ਝੱਲਦੇ ਲੋਕਾਂ ਲਈ ਵੱਡੇ ਪੱਧਰ 'ਤੇ ਰਾਹਤ-ਕਾਰਜ ਚਲਾ ਕੇ ਪੀੜਤਾਂ ਦੇ ਮਨਾਂ ਨੂੰ ਹੌਸਲਾ ਦਿੱਤਾ ਹੈ। ਭਾਈਚਾਰਕ ਸਾਂਝਾਂ ਦਾ ਇਹ ਸੁਨੇਹਾ ਬਹੁਤ ਡੂੰਘੇ ਅਰਥ ਰੱਖਦਾ ਹੈ।

ਤਿਉਹਾਰ ਤਾਂ ਆਪਸੀ ਮਿਲਵਰਤਣ, ਸਾਂਝ ਤੇ ਮੁਹੱਬਤ ਦਾ ਪ੍ਰਗਟਾਵਾ ਹੁੰਦੇ ਹਨ। ਆਉ! ਮਨਾਂ ਦੇ ਹਨੇਰ ਨੂੰ ਗਿਆਨ-ਰੂਪੀ ਦੀਵਿਆਂ ਦੇ ਚਾਨਣ ਨਾਲ ਦੂਰ ਕਰਨ ਦਾ ਉਪਰਾਲਾ ਕਰੀਏ। ਮੋਹ ਤੇ ਮੁਹੱਬਤ ਦੇ ਦੀਵੇ ਬਾਲ ਕੇ, ਸਭ ਵਿਤਕਰਿਆਂ ਨੂੰ ਮਨੋਂ ਤਿਆਗ ਕੇ, ਸਾਂਝੀਵਾਲਤਾ ਦੀ ਬਾਤ ਪਾਈਏ। ਉਦਾਸ ਤੇ ਬੇਆਸ ਹੋਏ ਕਿਸੇ ਮਨੁੱਖ ਦੇ ਮੋਢੇ 'ਤੇ ਹੱਥ ਰੱਖੀਏ ਤਾਂ ਕਿ ਉਸ ਨੂੰ ਵੀ ਇਹ ਜਹਾਨ ਆਪਣਾ ਲੱਗੇ। ਦੁੱਖਾਂ-ਦਰਦਾਂ ਨਾਲ ਭੰਨੇ ਕਿਸੇ ਮਨੁੱਖ ਨੂੰ ਆਪਣੀ ਗਲਵੱਕੜੀ ਦੇ ਨਿੱਘ ਨਾਲ ਹੌਸਲਾ ਦੇਈਏ। ਘਰਾਂ ਵਿਚ ਤਾਂ ਹੁਣ ਬਹੁਤ ਜਗਮਗਾਹਟ ਹੈ। ਆਉ! ਮਨਾਂ ਨੂੰ ਰੌਸ਼ਨ ਕਰਕੇ ਭਾਈਚਾਰਕ ਸਾਂਝ ਦੇ ਦੀਪ ਜਗਾਈਏ।

*-ਪਿੰਡ-ਖਰਲ ਕਲਾਂ ਡਾਕ-ਚੋਲਾਂਗ, ਜ਼ਿਲ੍ਹਾ ਜਲੰਧਰ।*
*ਮੋਬਾਈਲ : 98153-56086*